ਆਪਣੇ ਫਾਇਦੀਆਂ ਦੀ ਮਿਆਦ ਪੁੱਗਣ ਤੋਂ ਪਹਿਲਾਂ ਆਪਣੇ 2025 SUN Bucks ਕਾਰਡ ਨੂੰ ਪਿੰਨ ਕਰੋ!

ਜਦੋਂ ਸਕੂਲ ਵਿੱਚ ਛੁੱਟੀਆਂ ਹੁੰਦੀਆਂ ਹਨ ਤਾਂ SUN Bucks ਪਰਿਵਾਰਾਂ ਨੂੰ ਯੋਗ ਬੱਚਿਆਂ ਲਈ ਕਰਿਆਨੇ ਦਾ ਸਮਾਨ ਖਰੀਦਣ ਵਿੱਚ ਮਦਦ ਕਰਦਾ ਹੈ। ਹਰੇਕ SUN Bucks ਕਾਰਡ 'ਤੇ $120 ਹੁੰਦੇ ਹਨ ਅਤੇ ਹਰੇਕ ਬੱਚੇ ਲਈ ਗਰਮੀਆਂ ਦੌਰਾਨ ਵੱਖ-ਵੱਖ ਸਮੇਂ 'ਤੇ ਪਹੁੰਚ ਸਕਦਾ ਹੈ। **SUN Bucks ਤੁਹਾਡੇ ਪਰਿਵਾਰ ਦੀ ਇਮੀਗ੍ਰੇਸ਼ਨ ਸਥਿਤੀ ਨੂੰ ਪ੍ਰਭਾਵਿਤ ਨਹੀਂ ਕਰਦਾ।**

ਜਦੋਂ ਤੁਸੀਂ ਆਪਣਾ 2025 SUN Bucks ਕਾਰਡ ਡਾਕ ਵਿੱਚ ਪ੍ਰਾਪਤ ਕਰਦੇ ਹੋ ਤਾਂ ਇੱਥੇ ਦੱਸਿਆ ਗਿਆ ਹੈ ਕਿ ਕੀ ਕਰਨਾ ਹੈ

ਆਪਣੇ SUN Bucks ਕਾਰਡ ਦੀ ਵਰਤੋਂ ਕਿਵੇਂ ਕਰੀਏ...

ebtEDGE ਮੋਬਾਈਲ ਐਪਲੀਕੇਸ਼ਨ ਵਿੱਚ ਲੌਗ-ਇਨ ਕਰਕੇ, www.ebt.ca.gov ਸਾਈਟ ਤੇ ਲੌਗ-ਇਨ ਕਰਕੇ, ਜਾਂ (877) 328-9677 'ਤੇ SUN Bucks ਹੈਲਪਲਾਈਨ ਨੂੰ ਕਾੱਲ ਕਰਕੇ ਆਪਣੇ ਕਾਰਡ ਲਈ ਇੱਕ ਨਿੱਜੀ ਪਛਾਣ ਨੰਬਰ (PIN) ਚੁਣੋ।

CalFresh ਫਾਇਦੀਆਂ ਤੋਂ ਪਹਿਲਾਂ ਅਤੇ ਤੁਹਾਡੇ ਕਾਰਡ ਵਿੱਚ ਫੰਡ ਲੋਡ ਹੋਣ ਦੇ 122 ਦਿਨਾਂ ਦੇ ਅੰਦਰ ਆਪਣੇ SUN Bucks ਖਰਚ ਕਰਨਾ ਯਕੀਨੀ ਬਣਾਓ।

ਜੇਕਰ ਤੁਸੀਂ ਆਪਣਾ 2025 SUN Bucks ਕਾਰਡ ਨਹੀਂ ਵਰਤਣਾ ਚਾਹੁੰਦੇ...

2025 ਲਈ SUN Bucks ਪ੍ਰੋਗਰਾਮ ਤੋਂ ਬਾਹਰ ਹੋਣ ਬਾਰੇ ਕਾੱਲ ਸੈਂਟਰ ਨਾਲ ਗੱਲ ਕਰਨ ਲਈ SUN Bucks ਹੈਲਪਲਾਈਨ ਨੂੰ (877) 328-9677 'ਤੇ ਕਾੱਲ ਕਰੋ।

ਬਾਹਰ ਰਹਿਣ ਦੀ ਚੋਣ ਕਰਨ ਤੋਂ ਬਾਅਦ, ਤੁਸੀਂ ਅਣਚਾਹੇ SUN Bucks ਕਾਰਡਾਂ ਨੂੰ ਨਸ਼ਟ ਕਰ ਸਕਦੇ ਹੋ।

ਤੁਸੀਂ SUN Bucks ਨਾਲ ਕੀ ਖਰੀਦ ਸਕਦੇ ਹੋ:

- ਫਲ ਅਤੇ ਸਬਜ਼ੀਆਂ
- ਡੇਅਰੀ ਉਤਪਾਦ
- ਬੀਜ ਅਤੇ ਪੌਦੇ, ਜੋ ਘਰ ਦੇ ਖਾਣ ਲਈ ਭੋਜਨ ਪੈਦਾ ਕਰਦੇ ਹਨ
- ਮਾਸ, ਪੋਲਟਰੀ ਅਤੇ ਮੱਛੀ
- ਬਰੈੱਡ ਅਤੇ ਅਨਾਜ
- ਹੋਰ ਭੋਜਨ ਜਿਵੇਂ ਕਿ ਸਨੈਕ ਫੂਡ ਅਤੇ ਗੈਰ-ਸ਼ਰਾਬ ਪੀਣ ਵਾਲੇ ਪਦਾਰਥ

ਤੁਸੀਂ SUN Bucks ਨਾਲ ਕੀ ਨਹੀਂ ਖਰੀਦ ਸਕਦੇ:

SUN Bucks ਦੀ ਵਰਤੋਂ ਗਰਮ ਭੋਜਨ, ਪਾਲਤੂ ਜਾਨਵਰਾਂ ਦੇ ਭੋਜਨ, ਸਫਾਈ ਜਾਂ ਘਰੇਲੂ ਸਮਾਨ, ਨਿੱਜੀ ਸਫਾਈ ਦੀਆਂ ਚੀਜ਼ਾਂ, ਜਾਂ ਦਵਾਈ ਖਰੀਦਣ ਲਈ **ਨਹੀਂ ਕੀਤੀ** ਜਾ ਸਕਦੀ।

ਜਿਨ੍ਹਾਂ ਬੱਚਿਆਂ ਨੂੰ SUN Bucks ਮਿਲਦੇ ਹਨ, ਉਹ ਅਜੇ ਵੀ ਆਪਣੇ ਭਾਈਚਾਰਿਆਂ ਵਿੱਚ ਹੋਰ ਗਰਮੀਆਂ ਦੇ ਭੋਜਨ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਸਕਦੇ ਹਨ। ਆਪਣੇ ਨੇੜੇ ਦੀ ਕੋਈ ਸਾਈਟ ਲੱਭਣ ਲਈ, 1-866-3-HUNGRY (1-877-8-HAMBRE) 'ਤੇ ਕਾਲ ਕਰੋ, "food" ਜਾਂ "SFSP" ਲਿਖ ਕੇ 1-914-342-7744 'ਤੇ ਭੇਜੋ, ਜਾਂ www.fns.usda.gov/summer/sitefinder 'ਤੇ ਜਾਓ।

ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ?

- www.cdss.ca.gov/SUNBucks 'ਤੇ ਜਾਓ।
- CDSS YouTube SUN Bucks ਪਲੇਲਿਸਟ ਦੇਖੋ।
- ਤੁਰੰਤ ਰਿਸਪਾਂਸ (QR) ਕੋਡ ਨੂੰ ਸਕੈਨ ਕਰੋ।

ਕੈਲੀਫੋਰਨੀਆ ਵਿੱਚ SUN Bucks ਪ੍ਰੋਗਰਾਮ ਅਮਰੀਕੀ ਖੇਤੀਬਾੜੀ ਵਿਭਾਗ (USDA), ਭੋਜਨ ਅਤੇ ਪੋਸ਼ਣ ਸੇਵਾ (FNS) ਦੀ ਫੰਡਿੰਗ ਨਾਲ ਸੰਭਵ ਹੋਇਆ ਹੈ ਅਤੇ ਇਹ ਕੈਲੀਫੋਰਨੀਆ ਦੇ ਸਮਾਜਿਕ ਸੇਵਾਵਾਂ ਵਿਭਾਗ (CDSS) ਦੁਆਰਾ ਕੈਲੀਫੋਰਨੀਆ ਦੇ ਸਿੱਖਿਆ ਵਿਭਾਗ (CDE) ਨਾਲ ਸਾਂਝੇਦਾਰੀ ਵਿੱਚ ਤੁਹਾਡੇ ਲਈ ਲਿਆਂਦਾ ਗਿਆ ਹੈ।

www.cdss.ca.gov/sunbucks | www.cde.ca.gov/ls/nu/sf | SUNBucks@dss.ca.gov.

USDA ਇੱਕ ਬਰਾਬਰ ਮੌਕੇ ਪ੍ਰਦਾਨ ਕਰਨ ਵਾਲਾ, ਰੁਜ਼ਗਾਰਦਾਤਾ ਅਤੇ ਰਿਣਦਾਤਾ ਹੈ। 2025

ਹੋਰ ਜਾਣਕਾਰੀ ਲਈ, www.fns.usda.gov/summer 'ਤੇ ਜਾਓ।